# ਜਬ ਮੁਖਿ ਪ੍ਰੀਤਮੁ ਸਾਜਨੁ ਲਾਗਾ

**ਆਸਾ ਮਹਲਾ ੫ ।।**

**ਮੀਠੀ ਆਗਿਆ ਪਿਰ ਕੀ ਲਾਗੀ।। ਸਉਕਨਿ ਘਰ ਕੀ ਕੰਤਿ ਤਿਆਗੀ।।**

**ਪ੍ਰਿਅ ਸੋਹਾਗਨਿ ਸੀਗਾਰਿ ਕਰੀ।। ਮਨ ਮੇਰੇ ਕੀ ਤਪਤਿ ਹਰੀ।।੧।।**

ਇਹ ਸ਼ਬਦ ਸ੍ਰੀ ਗੁਰੂ ਅਰਜਨ ਸਾਹਿਬ ਦਾ, ਆਸਾ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੩੯੪ ਤੇ ਅੰਕਤ ਹੈ।

-- ਸ੍ਰੀ ਗੁਰੂ ਅਰਜਨ ਸਾਹਿਬ ਜੀ ਸਮਝਾ ਰਹੇ ਹਨ ਕਿ ਜਦੋਂ ਤੋਂ, ਮੈਨੂੰ, ਜੀਵ ਇਸਤਰੀ ਨੂੰ, ਮੇਰੇ ਪਿਆਰੇ ਗੁਰੂ-ਪਤੀ ਦੀ ਆਗਿਆ ਮਿਠੀ ਲਗਣ ਲਗ ਗਈ ਹੈ, ਮੈਂ ਹਰ ਆਗਿਆ ਮੰਨਣ ਲਗ ਗਈ ਹਾਂ, ਤਦੋਂ ਤੋਂ, ਮੇਰੇ ਪਿਆਰੇ ਗੁਰੂ-ਪਤੀ ਦੀ ਕਿਰਪਾ ਨਾਲ, ਮੇਰੇ ਅੰਦਰੋਂ, ਮੋਹ-ਮਾਇਆ ਰੂਪੀ ਸਉਂਕਣ, ਮੇਰੇ ਮਨ ਨੂੰ ਛਡ ਕੇ ਚਲੀ ਗਈ ਹੈ।

ਪਾਤਸ਼ਾਹ, ੧੮੫ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਮਿਠਾ ਸੁਭਾਅ, ਨਿਮਰਤਾ, ਸੰਜਮ ਧਾਰਣ ਕਰਣ ਅਤੇ ਗੁਰੂ ਰੂਪ ਪਤੀ ਦੀ ਹਰ ਆਗਿਆ ਨੂੰ ਇੰਨ ਬਿੰਨ, ਮਿਠਾ ਕਰ ਕੇ, ਖੁਸ਼ੀ ਨਾਲ ਮੰਨਣ ਨਾਲ, ਜੀਵ ਰੂਪੀ ਇਸਤਰੀ ਨੂੰ ਜਮਾਂ ਦਾ ਦੁਖ ਨਹੀਂ ਸਹਿਣਾ ਪੈਂਦਾ - 'ਸੀਲ ਸੰਜਮਿ ਪ੍ਰਿਅ ਆਗਿਆ ਮਾਨੈ।। ਤਿਸੁ ਨਾਰੀ ਕਉ ਦੁਖੁ ਨ ਜਮਾਨੈ।।'

ਜੋ ਸਿਖ, ਗੁਰੂ ਦੀ ਸੰਗਤ ਕਰਦਾ ਹੈ ਉਹ ਹਰ ਹਾਲ, ਗੁਰੂ ਦੀ ਆਗਿਆ ਮਨੋਂ ਸਵੀਕਾਰ ਕਰਦਾ ਹੈ - 'ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ।। ਗੁਰ ਕੀ ਆਗਿਆ ਮਨ ਮਹਿ ਸਹੈ।।' ਭਗਤ ਕਬੀਰ ਜੀ, ੪੮੦ ਪੰਨੇ ਤੇ, ਸਪੱਸ਼ਟ ਕਰਦੇ ਹਨ ਕਿ ਉਹੀ ਜਨ, ਜੋ ਆਗਿਆ ਮੰਨਦਾ ਹੈ, ਉਤਮ ਭਗਤ ਕਹਾਉਂਦਾ ਹੈਂ ਅਤੇ ਸੁਖ ਪ੍ਰਾਪਤ ਕਰਦਾ ਹੈ - 'ਹਰਿ ਜਨੁ ਊਤਮੁ ਭਗਤੁ ਸਦਾਵੈ ਆਗਿਆ ਮਨਿ ਸੁਖੁ ਪਾਈ।।'

-- ਫ਼ਲ ਸਰੂਪ ਮੇਰੇ ਪਿਆਰੇ ਪਤੀ ਗੁਰੂ ਨੇ ਮੈਨੂੰ ਅਪਣੀ ਸੁਹਾਗਣ ਬਣਾ ਕੇ, ਮੇਰਾ ਸ਼ਿੰਗਾਰ ਕਰ ਦਿਤਾ ਹੈ, ਭਾਵ ਮੈਨੂੰ ਸੁੰਦਰ ਬਣਾ ਦਿਤਾ ਹੈ ਅਤੇ ਇਸ ਤਰ੍ਹਾਂ ਹੁਣ, ਮੇਰੇ ਮਨ ਦੀ ਵਿਕਾਰਾਂ ਦੀ ਤਪਸ਼ ਦੂਰ ਹੋ ਗਈ ਹੈ।੧।

ਇਥੇ, ਮਹਾਰਾਜ ਸਤ, ਸੰਤੋਖ, ਦਇਆ, ਧਰਮ ਆਦਿ ਦਾ ਸ਼ਿੰਗਾਰ ਕਰਕੇ, ਪ੍ਰਭੂ ਦੀ ਸੁਹਾਗਣ ਬਣ ਕੇ, ਪ੍ਰਭੂ ਪਤੀ ਨੂੰ, ਭਾਉਣ ਦਾ ਉਪਦੇਸ਼ ਦਿਤਾ ਹੈ - 'ਸਤੁ

ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ।। ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ।।' ਪੰਨਾ ੮੧੨.

ਗੁਰਬਾਣੀ ਵਿਚ 'ਸੋਹਾਗਣਿ' ਸ਼ਬਦ, ਸੰਤ, ਪ੍ਰਵਾਣਤ ਭਗਤ, ਗੁਰਸਿਖ, ਸਾਧੂ, ਗੁਰਮੁਖਿ ਆਦਿ ਲਈ ਵਰਤਿਆ ਗਿਆ ਹੈ।

**ਭਲੋ ਭਇਓ ਪ੍ਰਿਅ ਕਹਿਆ ਮਾਨਿਆ।। ਸੂਖੁ ਸਹਜੁ ਇਸੁ ਘਰ ਕਾ ਜਾਨਿਆ।।ਰਹਾਉ।।**

-- ਬਹੁਤ ਚੰਗਾ ਹੋ ਗਿਆ ਕਿ ਮੈਂ ਆਪਣੇ ਪਿਆਰੇ ਦਾ ਆਖਾ ਮੰਨਣਾ ਸ਼ੁਰੂ ਕਰ ਦਿਤਾ, ਜਿਸ ਕਰਕੇ ਮੈਨੂੰ, ਮੇਰੇ ਅੰਦਰ ਹੀ ਪਿਆ, ਸੁਖ ਤੇ ਸਹਿਜ ਦੇ ਖਜ਼ਾਨੇ ਦਾ ਮੈਨੂੰ ਪਤਾ ਲਗ ਗਿਆ ਹੈ, ਭਾਵ, ਉਹ ਖ਼ਜ਼ਾਨਾ ਮੈਨੂੰ ਪ੍ਰਾਪਤ ਹੋ ਗਿਆ ਹੈ।ਰਹਾਉ।

ਸਭ ਤੋਂ ਵਡੀ ਘਾਲ ਕਮਾਈ ਗੁਰੂ ਦੀ ਆਗਿਆ, ਖਿੜੇ ਮੱਥੇ ਮੰਨਣਾ ਹੈ। ਹੋਰ ਜਿਤਨੀਆਂ ਵੀ ਘਾਲਣਾ, ਕਮਾਈਆਂ ਹਨ, ਉਹ ਤਾਂ ਹੀ, ਥਾਂ ਪੈਂਦੀਆਂ ਹਨ ਜੇ ਸਾਧੂ ਗੁਰੂ ਦੀ ਹਰ ਆਗਿਆ ਦਾ ਤਨਦੇਹੀ ਨਾਲ ਪਾਲਣ ਕੀਤਾ ਜਾਏ, ਜਿਵੇਂ ਭਾਈ ਲਹਿਣਾ ਜੀ ਨੇ ਕੀਤਾ। ਉਨ੍ਹਾਂ ਨੇ ਆਪਣੇ ਗੁਰੂ ਦੀ ਹਰ ਆਗਿਆ ਦਾ ਹੀ ਨਹੀਂ, ਹਰ ਇਸ਼ਾਰੇ ਦਾ, ਹਰ ਇਛਾ ਦਾ ਅੱਖਾਂ ਬੰਦ ਕਰ ਕੇ ਪਾਲਣ ਕੀਤਾ। ਹਰ ਵਕਤ ਹਥ ਜੋੜ ਕੇ, ਆਗਿਆ ਜਾਂ ਇਸ਼ਾਰੇ ਦੀ ਉਡੀਕ ਵਿਚ ਰਹਿੰਦੇ ਸਨ ਅਤੇ ਪੂਰਿਆਂ ਕਰਣ ਲਈ ਤੱਤਪਰ ਰਹਿੰਦੇ ਸਨ। ਸ੍ਰੀ ਗੁਰੂ ਅਰਜਨ ਸਾਹਿਬ ਦਾ ਇਸ ਪਰਥਾਇੰ, ਪੰਨਾ ੪੦੦ ਤੇ, ਫ਼ੁਰਮਾਣ ਹੈ ਕਿ ਜੋ ਜੀਵ ਇਸਤਰੀ, ਅਠੇ ਪਹਿਰ, ਹੁਕਮ ਦੀ ਉਡੀਕ ਵਿਚ ਹਥ ਜੋੜ ਕੇ ਤੱਤਪਰ ਰਹੇ, ਉਸੇ ਨੂੰ ਹੀ ਹਰੀ ਪ੍ਰਭੂ ਪਤੀ ਦੀ ਇਕਮਿਕਤਾ ਹਾਸਲ ਹੁੰਦੀ ਹੈ - 'ਆਠ ਪਹਰ ਕਰ ਜੋੜਿ ਰਹੁ ਤਉ ਭੇਟੈ ਹਰਿ ਰਾਇ ਰੀ।।' ਭਾਈ ਲਹਿਣਾ ਜੀ ਇਹੀ ਕਮਾਈ ਕਰ ਕੇ ਆਖਰੀ ਪੌੜੀ ਚੜ੍ਹ ਗਏ ਅਤੇ ਆਪ ਹੀ '**ਨਾਨਕ**' ਹੋ ਨਿਬੜੇ। ਉਨ੍ਹਾਂ ਨੇ ਆਪਣੇ ਹਿਰਦੇ ਵਿਚ ਪਿਆ ਪਰਮ ਸੁਖ ਦਾ ਖ਼ਜ਼ਾਨਾ ਪਾ ਲਿਆ। '**ਸਤ ਬਚਨ**' ਇਕ ਅਜਿਹੀ ਕਮਾਈ ਹੈ, ਜਿਸ ਤੇ, ਗੁਰੂ ਸਭ ਤੋਂ ਪਹਿਲਾਂ ਰੀਝਦਾ ਹੈ ਅਤੇ ਜਦੋਂ ਉਹ ਰੀਝ ਜਾਂਦਾ ਹੈ ਤਾਂ ਫ਼ਿਰ ਉਹ ਹੋਰ ਕੁਝ ਨਹੀਂ ਵੇਖਦਾ, ਖਿਚ ਕੇ ਆਪਣਾ ਬਣਾ ਲੈਂਦਾ ਹੈ। ਅਗੋਂ ਪਾਤਸ਼ਾਹ ਨੇ ਇਹੀ ਫ਼ੁਰਮਾਣ ਕੀਤਾ ਹੈ ਕਿ ਇਸ ਤਰ੍ਹਾਂ ਜੋ ਉਸ ਕਰਤਾਰ ਨੂੰ ਭਾਅ ਗਈ, ਉਸੇ ਨੂੰ ਉਹ ਸੁਹਾਗਣ ਬਣਾ ਲੈਂਦਾ ਹੈ - 'ਸਾਈ ਸੋੁਹਾਗਣਿ ਨਾਨਕਾ ਜੋ ਭਾਣੀ ਕਰਤਾਰਿ ਰੀ।।' ਜਿਤਨੀ ਮਰਜ਼ੀ, ਕਿਸੇ ਨੇ, ਕੋਈ ਵੀ ਕਮਾਈ ਕੀਤੀ ਹੋਵੇ, ਜੇ ਅੱਖਾਂ ਬੰਦ ਕਰਕੇ '**ਸਤ ਬਚਨ**' ਦੀ ਕਮਾਈ

ਨਹੀਂ ਕੀਤੀ ਤਾਂ ਕਮਾਈ ਨੂੰ ਫ਼ਲ ਨਹੀਂ ਲਗ ਸਕਦਾ, ਧਰੀ ਰਹਿ ਜਾਂਦੀ ਹੈ ਜਾਂ ਇਉਂ ਸਮਝ ਲਈਏ ਕਿ ਅਜਿਹੇ ਲੱਕਰ (locker) ਵਿਚ ਪੈ ਜਾਂਦੀ ਹੈ, ਜਿਸ ਦੀ ਚਾਬੀ ਸਾਨੂੰ ਨਹੀਂ ਮਿਲਦੀ, ਕਿਉਂਕਿ ਕੁੰਜੀ ਤਾਂ ਸਾਧੂ ਦੇ ਹਥ ਹੀ ਹੁੰਦੀ ਹੈ - 'ਸੰਤਨ ਹਥਿ ਰਾਖੀ ਕੂੰਜੀ।।' ਪੰਨਾ ੮੯੩.

**ਹਉ ਬੰਦੀ ਪ੍ਰਿਅ ਖਿਜਮਤਦਾਰ।। ਓਹੁ ਅਬਿਨਾਸੀ ਅਗਮ ਅਪਾਰ।।**

**ਲੇ ਪਖਾ ਪ੍ਰਿਅ ਝਲਉ ਪਾਏ।। ਭਾਗਿ ਗਏ ਪੰਚ ਦੂਤ ਲਾਵੇ।।੨।।**

-- ਮੈਂ ਹੁਣ ਅਪਣੇ ਗੁਰੂ-ਪਤੀ ਨੂੰ ਸਵਿਕਾਰ ਹੋ ਕੇ ਉਸ ਦੀ ਦਾਸੀ ਬਣ ਗਈ ਹਾਂ ਅਤੇ ਸੇਵਾਦਾਰਨੀ ਬਣ ਗਈ ਹਾਂ। ਉਹ ਮੇਰਾ ਪਤੀ ਮੌਤ ਤੋਂ ਪਰ੍ਹਾਂ ਹੈ, ਅਪਹੁੰਚ ਹੈ, ਬੇਅੰਤ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਵੀ, ਪੰਨਾ ੯੯੦ ਤੇ, ਆਪਣੇ ਆਪ ਨੂੰ ਪ੍ਰਭੂ ਦਾ ਸੇਵਾਦਾਰ ਦਸਦੇ ਹਨ - 'ਤੂ ਦਾਨਾ ਸਾਹਿਬੁ ਸਿਰਿ ਮੇਰਾ।। ਖਿਜਮਤਿ ਕਰੀ ਜਨੁ ਬੰਦਾ ਤੇਰਾ।।' ਪੰਚਮ ਪਾਤਸ਼ਾਹ, ੩੯੧ ਪੰਨੇ ਤੇ, ਬਚਨ ਕਰਦੇ ਹਨ ਕਿ ਜੋ ਸੁਹਾਗਣ ਜੀਵ ਇਸਤਰੀ, ਪ੍ਰਭੂ ਨੂੰ ਭਾਅ ਗਈ ਹੋਵੇ, ਉਸ ਦੀ ਸੰਗਤ ਨਾਲ ਹੀ ਪ੍ਰਭੂ ਦਾ ਮੇਲ ਹੁੰਦਾ ਹੈ, ਇਸ ਲਈ ਉਸ (ਸੰਤ) ਦੀ ਅਨੇਕ ਤਰ੍ਹਾਂ ਨਾਲ ਸੇਵਾ ਕਰਨੀ ਬਣਦੀ ਹੈ, ਇਹ ਜਿੰਦ, ਜਾਨ, ਧਨ ਆਦਿ ਉਸ ਨੂੰ ਅਰਪਣ ਕਰਨਾ ਬਣਦਾ ਹੈ, ਅਭਿਮਾਨ ਛਡ ਕੇ ਪਾਣੀ ਢੋਣ ਅਤੇ ਪੱਖਾ ਝਲਣ ਆਦਿ ਦੀ ਹਰ ਤਰ੍ਹਾਂ ਦੀ ਸੇਵਾ ਵੀ ਕਰੀਏ ਤੇ ਅਨੇਕ ਤਰ੍ਹਾਂ ਨਾਲ ਉਸ ਤੋਂ ਕੁਰਬਾਨ ਹੋ ਜਾਈਏ - 'ਅਨਿਕ ਭਾਂਤਿ ਕਰਿ ਸੇਵਾ ਕਰੀਐ।। ਜੀਉ ਪ੍ਰਾਨ ਧਨੁ ਆਗੈ ਧਰੀਐ।। ਪਾਨੀ ਪਖਾ ਕਰਉ ਤਜਿ ਅਭਿਮਾਨੁ।। ਅਨਿਕ ਬਾਰ ਜਾਈਐ ਕੁਰਬਾਨ।।.. ਸਾਈ ਸੁਹਾਗਣਿ ਜੋ ਪ੍ਰਭ ਭਾਈ।। ਤਿਸ ਕੈ ਸੰਗਿ ਮਿਲਉ ਮੇਰੀ ਮਾਈ।।... '

-- ਜਦੋਂ ਮੈਂ ਆਪਣੇ ਪਿਆਰੇ ਪਤੀ ਦੀ, ਪੱਖਾ ਆਦਿ ਝਲ ਕੇ ਸੇਵਾ ਕੀਤੀ, ਤਾਂ ਮੇਰੇ ਅੰਦਰ ਦੇ, ਪ੍ਰਭੂ ਦੇ ਲਗਾਏ, ਪੰਜੇ ਦੂਤ, ਵਿਕਾਰ ਭਜ ਗਏ।੨।

ਪਾਤਸ਼ਾਹ, ਪੰਨਾ ੧੯੭ ਤੇ ਫੁਰਮਾਣ ਕਰਦੇ ਹਨ ਕਿ ਗੁਰੂ ਦੇ ਚਰਣਾਂ ਦੀ ਖ਼ਾਕ ਜਦੋਂ ਮੇਰੇ ਮੁਖ ਤੇ ਲਗੀ ਤਾਂ ਸਾਰੀ ਹਉਮੈ ਦਾ ਨਾਸ ਹੋ ਗਿਆ - 'ਚਰਣ ਰੇਣੁ ਗੁਰ ਕੀ ਮੁਖਿ ਲਾਗੀ।। ਅਹੰਬੁਧਿ ਤਿਨਿ ਸਗਲ ਤਿਆਗੀ।।'

**ਨਾ ਮੈ ਕੁਲੁ ਨਾ ਸੋਭਾਵੰਤ।। ਕਿਆ ਜਾਨਾ ਕਿਉ ਭਾਨੀ ਕੰਤ।।**

**ਮੋਹਿ ਅਨਾਥ ਗਰੀਬ ਨਿਮਾਨੀ।। ਕੰਤ ਪਕਰਿ ਹਮ ਕੀਨੀ ਰਾਨੀ।।੩।।**

-- ਨਾ ਮੇਰੀ ਕੁਲ ਉਚੀ ਹੈ ਨਾ ਹੀ ਜਗਤ ਵਿਚ ਮੇਰੀ ਕੋਈ ਸ਼ੋਭਾ

ਹੈ, ਨਾ ਮੈਂ ਸੁੰਦਰ ਹਾਂ, ਪਤਾ ਨਹੀਂ ਕਿਉਂ ਮੈਂ ਆਪਣੇ ਗੁਰੂ ਕੰਤ (ਪਤੀ) ਨੂੰ ਭਾਅ ਗਈ, ਚੰਗੀ ਲਗ ਗਈ !

ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਨਾ ਮੇਰਾ ਰੂਪ ਸੁੰਦਰ ਹੈ, ਨਾ ਮੇਰੀਆਂ ਅੱਖਾਂ ਤਿਖੀਆਂ, ਸੁੰਦਰ ਹਨ, ਨਾ ਮੇਰੀ ਉਚੀ ਕੁਲ ਹੈ, ਨਾ ਮੈਨੂੰ ਕੋਈ ਚੱਜ, ਅਚਾਰ ਹੈ, ਨਾ ਮੇਰੇ ਬੋਲ ਮਿਠੇ ਹਨ। ਫ਼ਿਰ ਵੀ, ਜੇ ਸਿਰਫ਼ ਹਉਮੈ ਚਲੀ ਜਾਏ, ਭਾਵ, ਪੂਰਣ ਆਤਮ ਸਮਰਪਣ ਹੋ ਜਾਏ ਤਾਂ ਕੰਤ, ਪ੍ਰਭੂ ਪਤੀ ਵਿਚ ਸਮਾ ਜਾਈਦਾ ਹੈ - 'ਨਾ ਮੈ ਰੂਪੁ ਨ ਬੰਕੇ ਨੈਣਾ।। ਨਾ ਕੁਲ ਢੰਗੁ ਨ ਮੀਠੇ ਬੈਣਾ।।.. ਹਉਮੈ ਜਾਈ ਤਾ ਕੰਤ ਸਮਾਈ।।'

ਜੋ ਗੁਰੂ/ਪ੍ਰਭੂ ਪ੍ਰੀਤਮ ਨੂੰ ਭਾਅ ਗਈ, ਉਹ ਪ੍ਰੀਤਮ, ਉਸ ਨੂੰ, ਨਾਮ ਰੂਪੀ ਗੁਲਾਲ ਰੰਗ ਨਾਲ ਰੰਗ ਦਿੰਦਾ ਹੈ। ਜੀਵ ਇਸਤਰੀ ਦੀ ਘਾਲਣਾ ਤਾਂ ਇਹੀ ਹੈ ਕਿ ਉਹ, ਉਸ ਗੁਰੂ ਨੂੰ, ਭਾਅ ਜਾਏ ਤਾਂ ਫ਼ਿਰ ਉਹ ਆਪ ਹੀ ਅਸਲ ਸ਼ਿੰਗਾਰ ਕਰ ਦਿੰਦਾ ਹੈ - 'ਪ੍ਰੀਤਮ ਭਾਨੀ ਤਾਂ ਰੰਗਿ ਗੁਲਾਲ।।... ਸੁਨਿ ਰੀ ਸਖੀ ਇਹ ਹਮਰੀ ਘਾਲ।। ਪ੍ਰਭ ਆਪਿ ਸੀਗਾਰਿ ਸਵਾਰਨਹਾਰ।।' ਸੋ ਜੀਵ ਇਸਤਰੀ ਨੂੰ ਉਹੀ ਕੁਝ ਕਰਨਾ ਚਾਹੀਦਾ ਹੈ ਜਿਸ ਨਾਲ ਉਹ ਆਪਣੇ ਪ੍ਰੀਤਮ ਨੂੰ ਭਾਅ ਜਾਏ ਅਤੇ ਇਹ ਢੰਗ ਹੈ ਸਤ-ਬਚਨ ਦਾ, ਜਿਸ ਨਾਲ ਭਾਈ ਲਹਿਣਾ ਜੀ, ਗੁਰੂ ਪਾਤਸ਼ਾਹ ਨੂੰ ਭਾਅ ਗਏ।

ਪੰਜਵੇਂ ਪਾਤਸ਼ਾਹ ਦੇ, ਪੰਨਾ ੩੭੭ ਤੇ ਵਾਕ ਹਨ ਕਿ ਗੁਰੂ ਦੀ ਆਗਿਆ ਮੰਨਣ ਤੋਂ ਵਡਾ ਹੋਰ ਕੋਈ ਉਚਾ ਆਚਰਣ ਨਹੀਂ ਅਤੇ ਹੋਰ ਕੋਈ ਉਚਾ ਵਤੀਰਾ (etiquette, behaviour or manners) ਨਹੀਂ ਹੈ, ਆਗਿਆ ਮੰਨਣ ਤੋਂ ਵਡੀ, ਕੋਈ ਭਗਤੀ ਵੀ ਨਹੀਂ। ਜੋ ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਜੋ ਇਸ ਆਗਿਆ ਮੰਨਣ ਦੇ ਮੰਤਰ ਦੀ ਕਮਾਈ ਕਰ ਲੈਂਦਾ ਹੈ ਉਹ ਭਵਜਲ ਸੰਸਾਰ ਸਾਗਰ ਤੋਂ ਪਾਰ ਹੋ ਜਾਂਦਾ ਹੈ - '**ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮਾਰੀ।। ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ।।**' ਇਤਿਹਾਸ ਗਵਾਹ ਹੈ ਕਿ ਆਗਿਆ ਮੰਨਣ ਦੇ ਇਸੇ ਮੰਤਰ ਦੀ ਕਮਾਈ ਕਰਕੇ ਭਾਈ ਲਹਿਣਾ ਜੀ, ਸ੍ਰੀ ਗੁਰੂ ਨਾਨਕ ਸਾਹਿਬ ਦੀ ਕਿਰਪਾ ਨਾਲ, ਗੁਰੂ ਨਾਨਕ ਹੀ ਬਣ ਗਏ।

-- ਮੈਂ ਤਾਂ ਵਿਚਾਰੀ ਅਨਾਥ ਲਾਵਾਰਿਸ ਗ਼ਰੀਬ ਅਤੇ ਨਿਮਾਣੀ ਸੀ ਪਰ ਗੁਰੂ ਕੰਤ ਨੇ ਪਕੜ ਕੇ, ਧੱਕੇ ਨਾਲ ਹੀ, ਮੈਨੂੰ ਆਪਣੀ ਰਾਣੀ ਬਣਾ ਲਿਆ ਹੈ, ਮੇਰੇ ਨਾਲ ਮਿਲਾਪ ਕਰ ਲਿਆ।੩।

ਉਸਦੇ ਮਿਲਾਪ ਲਈ, ਉਸ ਦੀ ਕਿਰਪਾ ਹੀ ਸਭ ਤੋਂ ਵਡੀ ਹੈ। ਪਾਤਸ਼ਾਹ, ੩੨੨ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਮੇਰੇ ਕੰਤ, ਪਤੀ ਪ੍ਰਭੂ ਨੇ ਮੇਰਾ ਕੋਈ ਗੁਣ ਅਉਗੁਣ ਨਹੀਂ ਵੇਖਿਆ, ਨਾ ਮੇਰੀ ਸੁੰਦਰਤਾ, ਰੰਗ, ਸ਼ਿੰਗਾਰ ਹੀ ਵੇਖੇ। ਮੈਂ ਤਾਂ ਕੋਈ ਚੱਜ ਵੀ ਨਹੀਂ ਸੀ ਜਾਣਦੀ ਤੇ ਨਾ ਹੀ ਕੋਈ ਉਚੇ ਆਚਰਣ ਵਾਲੀ ਸੀ, ਫ਼ਿਰ ਵੀ, ਉਸ ਨੇ ਮੇਰੀ ਬਾਂਹ ਫ਼ੜ੍ਹ ਕੇ ਮੈਨੂੰ ਆਪਣੀ ਸੇਜ ਤੇ ਲੈ ਆਉਂਦਾ, ਭਾਵ, ਉਸਦੀ ਕਿਰਪਾ ਹੋ ਜਾਵੇ ਤਾਂ ਉਹ ਇਹ ਸਭ ਕੁਝ ਨਹੀਂ ਵੇਖਦਾ, ਆਪਣੇ ਨਾਲ ਮਿਲਾ ਲੈਂਦਾ ਹੈ, ਉਸ ਦੀ ਕਿਰਪਾ, ਸਭ ਤਰ੍ਹਾਂ ਦੇ ਗੁਣਾਂ ਅਉਗੁਣਾਂ ਤੋਂ ਉਪਰ ਹੈ - 'ਗੁਨੁ ਅਵਗਨੁ ਮੇਰੋ ਕਛੁ ਨ ਬੀਚਾਰੋ।। ਨਹ ਦੇਖਿਓ ਰੂਪ ਰੰਗ ਸੀਗਾਰੋ।। ਚਜ ਅਚਾਰ ਕਿਛੁ ਬਿਧਿ ਨਹੀ ਜਾਨੀ।। ਬਾਹ ਪਕਰਿ ਪ੍ਰਿਅ ਸੇਜੈ ਆਨੀ।।'

**ਜਬ ਮੁਖਿ ਪ੍ਰੀਤਮੁ ਸਾਜਨੁ ਲਾਗਾ।। ਸੂਖ ਸਹਜ ਮੇਰਾ ਧਨੁ ਸੋਹਾਗਾ।।**

**ਕਹੁ ਨਾਨਕ ਮੋਰੀ ਪੂਰਨ ਆਸਾ।। ਸਤਿਗੁਰ ਮੇਲੀ ਪ੍ਰਭ ਗੁਣਤਾਸਾ।।੪।।੧।।**

-- ਹੇ ਸਖੀ ਜਦੋਂ ਤੋਂ ਮੇਰੇ ਪਤੀ ਨੇ ਮੈਨੂੰ ਆਪਣੇ ਮੂੰਹ ਨਾਲ ਲਾਇਆ ਹੈ, ਭਾਵ, ਆਪਣਾ ਬਣਾ ਲਿਆ ਹੈ, ਤਦੋਂ ਤੋਂ ਮੇਰੇ ਅੰਦਰ ਅਨੰਦ ਬਣ ਗਿਆ ਹੈ ਅਤੇ ਮੇਰਾ ਵਿਆਹੁਤਾ ਜੀਵਨ, ਭਾਵ ਪ੍ਰਭੂ ਨਾਲ ਮਿਲਾਪ ਵਾਲਾ ਜੀਵਨ, ਸੁਭਾਗਾ ਹੋ ਗਿਆ ਹੈ।

ਸ੍ਰੀ ਗੁਰੂ ਅਮਰਦਾਸ ਸਾਹਿਬ ਵੀ, ੩੮ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਅਜਿਹੀਆਂ ਸੋਹਾਗਣਾਂ, ਸੋਭਾਵੰਤੀਆਂ ਹੋ ਜਾਂਦੀਆਂ ਹਨ ਅਤੇ ਦਿਨ ਰਾਤ ਭਗਤੀ ਵਿਚ ਲਗ ਜਾਂਦੀਆਂ ਹਨ - 'ਨਾਨਕ ਸੋਭਾਵੰਤੀਆ ਸੋਹਾਗਣੀ ਅਨਦਿਨੁ ਭਗਤਿ ਕਰੇਇ।।'

ਸ੍ਰੀ ਗੁਰੂ ਰਾਮਦਾਸ ਸਾਹਿਬ ਦਾ, ਪੰਨਾ ੫੨੭ ਤੇ, ਵਾਕ ਹੈ ਕਿ ਜਦੋਂ ਮੇਰੇ ਮਨ ਨੂੰ ਮੋਹ ਲੈਣ ਵਾਲੇ ਗੁਰੂ ਨੇ ਮੈਨੂੰ ਮੂੰਹ ਨਾਲ ਲਾਇਆ, ਅੰਗੀਕਾਰ ਕੀਤਾ ਤਾਂ ਮੇਰੀ ਵਿਸਮਾਦ ਦੀ ਅਵਸਥਾ ਬਣ ਗਈ, ਜਿਸ ਨਾਲ ਮੇਰੇ ਮੋਹ-ਮਾਇਆ ਦੇ ਸਾਰੇ ਬੰਧਨ, ਫਾਹੇ ਟੁਟ ਗਏ ਅਤੇ ਰਾਮ, ਪ੍ਰਭੂ ਦੇ ਨਾਮ ਜਪਣ ਵਿਚ ਮੇਰੀ ਲਿਵ ਲਗ ਗਈ - 'ਟੂਟੇ ਮਾਇਆ ਕੇ ਬੰਧਨ ਫਾਹੇ ਹਰਿ ਰਾਮ ਨਾਮ ਲਿਵ ਲਾਗੇ।। ਹਮਰਾ ਮਨੁ ਮੋਹਿਓ ਗੁਰ ਮੋਹਨਿ ਹਮ ਬਿਸਮ ਭਈ ਮੁਖਿ ਲਾਗੇ।।'

-- ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਹੁਣ ਮੇਰੀਆਂ ਸਾਰੀਆਂ ਆਸਾਂ ਪੂਰੀਆਂ ਹੋ ਗਈਆਂ ਹਨ ਤੇ ਖ਼ੁਸ਼ ਹੋ ਕੇ ਮੇਰੇ ਗੁਰੂ ਕੰਤ ਨੇ ਮੈਨੂੰ ਸਾਰੇ ਗੁਣਾਂ ਦੇ ਸੁਆਮੀ ਪ੍ਰਭੂ ਨਾਲ ਮਿਲਾ ਦਿਤਾ ਹੈ।੪।੧।੯੫।

ਮਹਾਰਾਜ ਨੇ, ਪੰਨਾ ੧੦੦ ਤੇ, ਬਚਨ ਕੀਤੇ ਹਨ ਕਿ ਜਦੋਂ ਤੋਂ ਸੰਤ ਜਨਾਂ ਦੀ ਧੂੜ ਮੇਰੇ ਮੁਖ ਤੇ ਲਗੀ ਹੈ, ਮੇਰੀ ਮਾੜੀ ਮੱਤ ਜਾਂਦੀ ਰਹੀ ਹੈ - 'ਰੇਨੁ ਸੰਤਨ ਕੀ ਮੇਰੈ ਮੁਖਿ ਲਾਗੀ।। ਦੁਰਮਤਿ ਬਿਨਸੀ ਕੁਬੁਧਿ ਅਭਾਗੀ।।'

ਪਾਤਸ਼ਾਹ, ੩੯੧ ਪੰਨੇ ਤੇ, ਫੁਰਮਾਣ ਕਰਦੇ ਹਨ ਕਿ ਸਾਧੂ ਦੀ ਸੰਗਤਿ ਦੀ ਕਿਰਪਾ ਨਾਲ, ਪ੍ਰਭੂ ਜੀ ਮੇਰੇ ਤੇ ਬਖਸ਼ੰਦ ਹੋ ਗਏ ਹਨ - 'ਭਏ ਕ੍ਰਿਪਾਲ ਗੁਪਾਲ ਗੋਬਿੰਦ।। ਸਾਧ ਸੰਗਿ ਨਾਨਕ ਬਖਸਿੰਦ।।' ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੫੪ ਤੇ, ਫੁਰਮਾਣ ਕਰਦੇ ਹਨ ਕਿ ਜਿਸ ਜੀਵ ਇਸਤਰੀ ਨੂੰ, ਗੁਰੂ ਨੇ ਪ੍ਰਭੂ ਨਾਲ ਮਿਲਾ ਲਿਆ, ਉਹ ਪ੍ਰਭੂ ਦੇ ਭੈ ਵਿਚ ਰਹਿੰਦੀ ਹੈ ਅਤੇ ਉਸ ਦੀ ਸਖੀ ਬਣ ਜਾਂਦੀ ਹੈ - 'ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ।।'

ਸ੍ਰੀ ਗੁਰੂ ਅਰਜਨ ਸਾਹਿਬ ਨੇ, ਪੰਨਾ ੭੦੪ ਤੇ, ਫ਼ੁਰਮਾਣ ਕੀਤਾ ਹੈ ਕਿ ਗੁਰੂ ਮਿਲਣ ਤੇ, ਉਸ ਅਗੇ, ਮੈਂ ਆਪਣਾ ਆਪਾ ਗੁਆਇਆ ਤਾਂ ਮੇਰੇ ਮਥੇ ਦੇ ਭਾਗ ਜਾਗ ਪਏ, ਕਿਉਂਕਿ ਮੇਰੇ ਗੁਰੂ/ਠਾਕੁਰ ਨੇ, ਬਾਂਹ ਤੋਂ ਪਕੜ ਕੇ ਧੂਹ ਕੇ ਆਪਣਾ ਬਣਾ ਲਿਆ ਅਤੇ ਮੇਰੇ ਗੁਣਾਂ ਅਉਗੁਣਾਂ ਨੂੰ ਚਿਤਾਰਿਆ ਹੀ ਨਹੀਂ - 'ਲਾਲਨੁ ਤੈ ਪਾਇਆ ਆਪੁ ਗਵਾਇਆ ਜੈ ਧਨ ਭਾਗ ਮਥਾਣੇ।। ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗਣ ਨ ਪਛਾਣੇ।।'



18.10.2020